2025300053

ਸ਼ੀ-1

**ਚੋਣਕਾਰ ਰਜਿਸਟਰੇਸ਼ਨ ਅਫਸਰ-90-ਕਮ-ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ**

ਵੱਲ

ਸਬੰਧਤ ਸੈਕਟਰ ਅਫਸਰ,
ਅਤੇ ਸਬੰਧਤ ਬੀ.ਐੱਲ.ਓਜ਼ (ਬੂਥ ਨੰ. 1 ਤੋਂ 130 ਅਤੇ 176 ਤੋਂ 200)
ਚੋਣ ਹਲਕਾ- 90 ਰਾਮਪੁਰਾ ਫੂਲ।

ਪੱਤਰ ਨੰ. 122 /ਚੋਣ ਸ਼ਾਖਾ ਮਿਤੀ- 11/02/2025

ਵਿਸ਼ਾ:- ਜਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਆਮ ਚੋਣਾਂ -2025 ਲਈ ਮਿਤੀ 14.02.2025 ਅਤੇ ਮਿਤੀ 15.02.2025 ਨੂੰ ਸਪੈਸ਼ਲ ਕੈਂਪ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਰਾਜ ਚੋਣ ਕਮਿਸ਼ਨ, ਪੰਜਾਬ ਜੀ ਵੱਲੋਂ ਜਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਆਮ ਚੋਣਾਂ-2025 ਲਈ ਵੋਟਰ ਸੂਚੀ ਤਿਆਰ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਅਨੁਸਾਰ ਮਿਤੀ 14.02.2025 ਅਤੇ ਮਿਤੀ 15.02.2025 ਨੂੰ ਆਪ ਦੇ ਅਧੀਨ ਆਉਂਦੇ ਬੂਥਾਂ ਤੇ ਸਪੈਸ਼ਲ ਕੈਂਪਾਂ ਰਾਹੀਂ ਗ੍ਰਾਮ ਪੰਚਾਇਤ ਦੀਆਂ ਵੋਟਰ ਸੂਚੀਆਂ ਜਿਨ੍ਹਾਂ ਦੀ ਅੰਤਿਮ ਪ੍ਰਕਾਸ਼ਨਾ ਮਿਤੀ 04-09-2024 ਨੂੰ ਆਧਾਰ ਮੰਗਦੇ ਹੋਏ , ਨਵੀਆਂ ਵੋਟਾਂ, ਸਿਫਟਡ ਵੋਟਾਂ, ਡਲੀਟਿਟ ਵੋਟਾਂ ਆਦਿ ਅਪਲਾਈ ਕਰਵਾਈਆਂ ਜਾਣ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਵਿੱਚ ਮਿਤੀ 14.02.2025 ਦਿਨ ਸ਼ੁੱਕਰਵਾਰ ਅਤੇ ਮਿਤੀ 15.02.2025 ਦਿਨ ਸ਼ਨੀਵਾਰ ਨੂੰ ਆਪਣੇ-ਆਪਣੇ ਬੂਥਾਂ ਤੇ ਕੈਂਪ ਲਗਾਏ ਜਾਣ ਅਤੇ ਵੱਧ ਤੋਂ ਵੱਧ (ਵੋਟਰਾਂ ਦੀ ਉਮਰ ਜੋ ਮਿਤੀ 01.03.2025 ਤੱਕ 18 ਸਾਲ ਜਾਂ ਇਸ ਤੋਂ ਵੱਧ ਹੋਵੇ), ਉਹਨਾਂ ਵਿਅਕਤੀਆਂ ਦੀਆਂ ਵੋਟਾਂ ਰਜਿਸਟਰਡ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

ਨੱਥੀ:- ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਕਾਪੀ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।

ਪਿੱਠ ਅੰਕਣ ਨੰ. 123-126 /ਚੋਣ ਸ਼ਾਖਾ ਮਿਤੀ-

ਇਸ ਦਾ ਇੱਕ ਉਤਾਰਾ:

1। ਵਧੀਕ ਜਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2। ਜਿਲ੍ਹਾ ਸਿੱਖਿਆ ਅਫਸਰ (ਸੈ. ਅਤੇ ਐਲੀ.), ਬਠਿੰਡਾ, ਉਪ ਮੰਡਲ ਇੰਜੀਨੀਅਰ, ਸਹਿਣਾ ਨਹਿਰ ਉਪ ਮੰਡਲ, ਰਾਮਪੁਰਾ ਫੂਲ, ਕਾਰਜਕਾਰੀ ਇੰਜੀਨੀਅਰ, ਕਨਾਲ ਲਾਇਨਿੰਗ ਡਵੀਜਨ, ਰਾਮਪੁਰਾ ,ਕਾਰਜਕਾਰੀ ਇੰਜੀਨੀਅਰ , ,.ਵਿ.ਨਿ.ਲੋ ,02 .ਉਸਾਰੀ ਮੰਡਲ ਨੰਤ ਤੇ ਮ ਸ਼ਾਖਾ, ਬਠਿੰਡਾ,ਕਾਰਜਕਾਰੀ ਇੰਜੀਨੀਅਰ ਨੈਸ਼ਨਲ ਹਾਈਵੇ ਮੰਡਲ , ,.ਵਿ.ਨਿ.ਲੋ ,02 .ਨੰਤ ਤੇ ਮ ਸ਼ਾਖਾ, ਬਠਿੰਡਾ, ਸੀਨੀਅਰ ਮੈਡੀਕਲ ਅਫ਼ਸਰ, ਭਗਤਾ/ਰਾਮਪੁਰਾ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ/ਰਾਮਪੁਰਾ, ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ, ਰਾਮਪੁਰਾ ਫੂਲ/ ਭਗਤਾ, ਖੇਤੀਬਾੜੀ ਅਫ਼ਸਰ , ਫੂਲ/ਭਗਤਾ/ਰਾਮਪੁਰਾ ਖੁਰਾਕ ਸਪਲਾਈ ਅਫਸਰ, ਰਾਮਪੁਰਾ/ਭਗਤਾ , ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ, ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ ਕੋਠਾ ਗੁਰੂ/ਮਹਿਰਾਜ/ਭਗਤਾ/ਭਾਈਰੂਪਾ ,ਬਾਲ ਵਿਕਾਸ ਅਤੇ ਪੰਚਾਇਤ ਅਫ਼ਸਰ , ਰਾਮਪੁਰਾ/ਫੂਲ/ ਭਗਤਾ ਅਤੇ ਹੋਰ ਸਬੰਧਤ ਵਿਭਾਗ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਬੀ.ਐੱਲ.ਓਜ਼ ਨੂੰ ਕੈਂਪ ਅਟੈਂਡ ਕਰਨ ਲਈ ਨੋਟ ਕਰਵਾਇਆ ਜਾਵੇ।

3। ਤਹਿਸੀਲਦਾਰ ਰਾਮਪੁਰਾ ਫੂਲ/ਭਗਤਾ ਭਾਈਕਾ

4। ਬੀ.ਡੀ.ਪੀ.ਓ ਫੂਲ, ਰਾਮਪੁਰਾ, ਭਗਤਾ ਭਾਈਕਾ

ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਸਡਿਊਲ ਮੁਤਾਬਿਕ ਆਪ ਦੇ ਅਧੀਨ ਪੈਂਦੀਆਂ ਪੰਚਾਇਤਾਂ ਦੁਆਰਾ ਸਾਂਝੀਆਂ ਥਾਵਾਂ ਤੇ ਅਨਾਊਸਮੈਂਟ ਕਰਵਾਈ ਜਾਵੇ ਅਤੇ ਦਾਅਵੇ/ਇਤਰਾਜ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜੇ ਜਾਣ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2025/ 6275 ਮਿਤੀ: 13.02.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਸਕੂਲ ਦੇ ਸਬੰਧਤ ਬੀ.ਐੱਲ.ਓ ਨੂੰ ਉਕਤ ਪੱਤਰ ਅਨੁਸਾਰ ਕੈਂਪ ਲਗਾਉਣ ਲਈ ਪਾਬੰਦ ਕੀਤਾ ਜਾਵੇ।

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ